# ਗ੍ਰੀਸ ਦੇ ਪ੍ਰਧਾਨ ਮੰਤਰੀ ਦੁਆਰਾ ਆਯੋਜਿਤ ਦੁਪਹਿਰ ਦੇ ਖਾਣੇ ਵਿੱਚ ਪ੍ਰਧਾਨ ਮੰਤਰੀ ਦੀ ਵਪਾਰਕ ਗੱਲਬਾਤ

25 ਅਗਸਤ, 2023

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ 25 ਅਗਸਤ 2023 ਨੂੰ ਏਥਨਜ਼ ਵਿੱਚ ਗ੍ਰੀਸ ਦੇ ਪ੍ਰਧਾਨ ਮੰਤਰੀ ਮਾਣਯੋਗ ਕਿਰੀਕੋਸ ਮਿਤਸੋਟਾਕਿਸ ਦੁਆਰਾ ਆਯੋਜਿਤ ਵਪਾਰਕ ਦੁਪਹਿਰ ਦੇ ਖਾਣੇ ਵਿੱਚ ਸ਼ਿਰਕਤ ਕੀਤੀ।

2. ਇਸ ਸਮਾਗਮ ਵਿੱਚ ਸ਼ਿਪਿੰਗ, ਬੁਨਿਆਦੀ ਢਾਂਚੇ ਅਤੇ ਊਰਜਾ ਸਮੇਤ ਵੱਖ-ਵੱਖ ਖੇਤਰਾਂ ਦੇ ਪ੍ਰਮੁੱਖ ਭਾਰਤੀ ਅਤੇ ਯੂਨਾਨੀ ਮੁੱਖ ਕਾਰਜਕਾਰੀ ਅਧਿਕਾਰੀਆਂ ਨੇ ਭਾਗ ਲਿਆ।

3. ਆਪਣੀ ਟਿੱਪਣੀ ਵਿੱਚ ਪ੍ਰਧਾਨ ਮੰਤਰੀ ਨੇ ਨਵਿਆਉਣਯੋਗ, ਸਟਾਰਟਅੱਪ, ਫਾਰਮਾ, ਆਈਟੀ, ਡਿਜੀਟਲ ਭੁਗਤਾਨ ਅਤੇ ਬੁਨਿਆਦੀ ਢਾਂਚੇ ਵਰਗੇ ਖੇਤਰਾਂ ਵਿੱਚ ਭਾਰਤ ਦੀ ਪ੍ਰਗਤੀ ਅਤੇ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਸਬੰਧੀ ਕੀਤੀਆਂ ਗਈਆਂ ਵੱਖ-ਵੱਖ ਪਹਿਲਕਦਮੀਆਂ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਭਾਰਤ ਅਤੇ ਗ੍ਰੀਸ ਦਰਮਿਆਨ ਦੁਵੱਲੇ ਸਬੰਧਾਂ ਨੂੰ ਪੁਖ਼ਤਾ ਕਰਨ ਅਤੇ ਆਰਥਿਕ ਸਹਿਯੋਗ ਨੂੰ ਉਤਸ਼ਾਹਿਤ ਕਰਨ ਵਿੱਚ ਉਦਯੋਗ ਦੇ ਇਨ੍ਹਾਂ ਆਗੂਆਂ ਵੱਲੋਂ ਨਿਭਾਈ ਗਈ ਭੂਮਿਕਾ ਨੂੰ ਮਾਨਤਾ ਦਿੱਤੀ।

4. ਪ੍ਰਧਾਨ ਮੰਤਰੀ ਨੇ ਵਪਾਰਕ ਨੇਤਾਵਾਂ ਨੂੰ ਭਾਰਤ ਵਿੱਚ ਨਿਵੇਸ਼ ਦੇ ਮੌਕਿਆਂ ਦੀ ਵਰਤੋਂ ਕਰਨ ਅਤੇ ਭਾਰਤ ਦੀ ਵਿਕਾਸ ਕਹਾਣੀ ਦਾ ਹਿੱਸਾ ਬਣਨ ਲਈ ਉਤਸ਼ਾਹਿਤ ਕੀਤਾ।

5. ਇਸ ਸਮਾਗਮ ਵਿੱਚ ਹੇਠ ਲਿਖੇ ਮੁੱਖ ਕਾਰਜਕਾਰੀ ਅਧਿਕਾਰੀਆਂ ਨੇ ਹਿੱਸਾ ਲਿਆ:

| ਲੜੀ ਨੰ. | ਕੰਪਨੀ | ਕਾਰਜਕਾਰੀ |
|---|---|---|
| 1. | ਐਲਪੇਨ | ਮਿਸਟਰ ਥੀਓਡੋਰ ਈ. ਟ੍ਰਾਈਫੋਨ, ਸੀਓ/ਸੀਈਓ |
| 2. | ਗੇਕ ਟੇਰਨਾ ਗਰੁੱਪ | ਬੋਰਡ ਦੇ ਚੇਅਰਮੈਨ ਮਿਸਟਰ ਜਾਰਜਿਓਸ ਪੇਰੀਸਟਰਿਸ |
| 3. | ਨੈਪਚੂਨ ਲਾਈਨਜ਼ ਸ਼ਿਪਿੰਗ ਐਂਡ ਮੈਨੇਜਿੰਗ ਐਂਟਰਪ੍ਰਾਈਜਿਜ਼ ਐਸ.ਏ. | ਬੋਰਡ ਦੀ ਪ੍ਰਧਾਨ ਸ਼੍ਰੀਮਤੀ ਮੇਲਿਨਾ ਟ੍ਰੈਵਲੋ |
| 4. | ਚਿਪਿਤਾ ਐਸ.ਏ. | ਸੰਸਥਾਪਕ ਮਿਸਟਰ ਸਪਾਇਰੋਸ ਥੀਓਡੋਰੋਪੋਲੋਸ |

| | | |
|---|---|---|
| 5. | ਯੂਰੋਬੈਂਕ ਐਸ.ਏ. | ਸੀਈਓ ਮਿਸਟਰ ਫੋਕਿਓਨ ਕਰਾਵਿਆਸ |
| 6. | ਟੇਮੇਸ ਐੱਸ.ਏ. | ਚੇਅਰਮੈਨ ਅਤੇ ਸੀਈਓ ਮਿਸਟਰ ਅਚਿਲਸ ਕਾਂਸਟੈਂਟਾਕੋਪੋਲੋਸ |
| 7. | ਮਾਈਟੀਲਿਨਸ ਗਰੁੱਪ | ਮਿਸਟਰ ਇਵਾਂਗੇਲੋਸ ਮਾਈਟੀਲੀਨੇਸ, ਚੇਅਰਮੈਨ ਅਤੇ ਸੀਈਓ |
| 8. | ਟਾਈਟਨ ਸੀਮਿੰਟ ਗਰੁੱਪ | ਬੋਰਡ ਦੇ ਚੇਅਰਮੈਨ ਮਿਸਟਰ ਦਿਮਿਤਰੀ ਪਾਪਾਲੇਕਸਪੋਲੋਸ |
| 9. | ਇੰਟਾਸ ਫਾਰਮਾਸਿਊਟੀਕਲਸ | ਵਾਈਸ ਚੇਅਰਮੈਨ ਮਿਸਟਰ ਬਿਨੀਸ਼ ਚੂਡਗਰ |
| 10. | ਈਈਪੀਸੀ | ਚੇਅਰਮੈਨ ਮਿਸਟਰ ਅਰੁਣ ਗਰੋਦੀਆ |
| 11. | ਏਮਕਿਊਰ ਫਾਰਮਾਸਿਊਟੀਕਲਸ | ਐੱਮਡੀ ਅਤੇ ਸੀਈਓ ਮਿਸਟਰ ਸਮਿਤ ਮਹਿਤਾ |
| 12. | ਜੀਐੱਮਆਰ ਸਮੂਹ | ਗਰੁੱਪ ਡਾਇਰੈਕਟਰ ਸ਼੍ਰੀਨਿਵਾਸ ਬੋਮਿਡਾਲਾ |
| 13. | ਆਈਟੀਸੀ | ਐੱਮਡੀ ਅਤੇ ਚੇਅਰਮੈਨ ਮਿਸਟਰ ਸੰਜੀਵ ਪੁਰੀ |
| 14. | ਯੂਪੀਐਲ | ਡਾਇਰੈਕਟਰ ਮਿਸਟਰ ਵਿਕਰਮ ਸ਼ਰਾਫ |
| 15. | ਸ਼ਾਹੀ ਐਕਸਪੋਰਟਸ | ਐੱਮਡੀ ਮਿਸਟਰ ਹਰੀਸ਼ ਆਹੂਜਾ |

**ਏਥਨਜ਼**
**25 ਅਗਸਤ, 2023**